ਸਕਾਟਲੈਂਡ ਦੀਆਂ

# ਨੈਸ਼ਨਲ ਕੁਆਲੀਫ਼ਿਕੇਸ਼ਨਾਂ

## ਇਕ ਤੁਰੰਤ ਗਾਈਡ

ਇਸ ਗਾਈਡ ਵਿੱਚ ਸਕਾਟਲੈਂਡ ਵਿੱਚ ਨੈਸ਼ਨਲ ਕੁਆਲੀਫ਼ਿਕੇਸ਼ਨਾਂ (NQs) ਬਾਰੇ ਬੁਨਿਆਦੀ ਤੱਥ ਦਿਤੇ ਗਏ ਹਨ ਅਤੇ ਉਪਲਬਧ ਕੁਆਲੀਫ਼ਿਕੇਸ਼ਨਾਂ ਦੀ ਰੇਂਜ ਦਸੀ ਗਈ ਹੈ।

# ਸਕਾਟਲੈਂਡ ਦੀਆਂ ਨੈਸ਼ਨਲ ਕੁਆਲੀਫ਼ਿਕੇਸ਼ਨਾਂ
# ਇਕ ਤੁਰੰਤ ਗਾਈਡ

## ਇਹ ਗਾਈਡ ਸਕੂਲਾਂ ਅਤੇ ਕਾਲਜਾਂ ਵਲੋਂ ਦਿਤੀ ਜਾ ਸਕਣ ਵਾਲੀ ਵਧੇਰੇ ਵੇਰਵੇ ਸਹਿਤ ਸੂਚਨਾ ਦੀ ਪੂਰਕ ਹੈ।

### ਨੈਸ਼ਨਲ ਕੁਆਲੀਫ਼ਿਕੇਸ਼ਨਾਂ ਕੀ ਹਨ?

ਨੈਸ਼ਨਲ ਕੁਆਲੀਫ਼ਿਕੇਸ਼ਨਾਂ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਉਪਲਬਧ ਕੁਆਲੀਫ਼ਿਕੇਸ਼ਨਾਂ ਹਨ ਅਤੇ ਇਹ ਅਗੋਂ ਪੜ੍ਹਾਈ ਕਰਾਉਣ ਵਾਲੇ ਕਾਲਜਾਂ ਵਿਚ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਨੈਸ਼ਨਲ ਕੁਆਲੀਫ਼ਿਕੇਸ਼ਨਾਂ ਹਨ ਸਟੈਂਡਰਡ ਗ੍ਰੇਡਜ਼, ਨੈਸ਼ਨਲ ਕੋਰਸ ਅਤੇ ਨੈਸ਼ਨਲ ਯੂਨਿਟ ਅਤੇ ਇਨ੍ਹਾਂ ਦੇ ਦਾਇਰੇ ਵਿੱਚ ਹਰ ਕਿਸੇ ਦੀ ਦਿਲਚਸਪੀ ਅਤੇ ਹੁਨਰਾਂ ਲਈ ਢੁਕਵੇਂ ਸੈਂਕੜੇ ਵਿਸ਼ੇ ਆਉਂਦੇ ਹਨ।

| ਸਟੈਂਡਰਡ ਗਰੇਡ | ਨੈਸ਼ਨਲ ਕੋਰਸ/ਯੂਨਿਟ |
|---|---|
| | ਅਡਵਾਂਸਡ ਹਾਇਅਰ |
| | ਹਾਇਅਰ |
| ਸਟੈਂਡਰਡ ਗਰੇਡ - ਕ੍ਰੈਡਿਟ | ਇੰਟਰਮਿਡੀਏਟ 2 |
| ਸਟੈਂਡਰਡ ਗਰੇਡ - ਜਨਰਲ | ਇੰਟਰਮਿਡੀਏਟ 1 |
| ਸਟੈਂਡਰਡ ਗਰੇਡ - ਫ਼ਾਉਂਡੇਸ਼ਨ | ਐਕਸੈਸ 3 |
| | ਐਕਸੈਸ 2 |
| | ਐਕਸੈਸ 1 |

### ਸਟੈਂਡਰਡ ਗਰੇਡ

ਸਟੈਂਡਰਡ ਗਰੇਡ ਆਮ ਕਰਕੇ ਸੈਕੰਡਰੀ ਸਕੂਲ ਵਿੱਚ ਤੀਜੇ ਅਤੇ ਚੌਥੇ ਸਾਲ ਵਿੱਚ ਲਏ ਜਾਂਦੇ ਹਨ, ਅਤੇ ਚੌਥੇ ਵਰ੍ਹੇ ਦੇ ਅੰਤ ਵਿੱਚ ਇਮਤਿਹਾਨ ਹੁੰਦਾ ਹੈ। ਵਿਦਿਆਰਥੀ ਅਕਸਰ ਮੈਥਸ ਅਤੇ ਅੰਗਰੇਜ਼ੀ ਸਮੇਤ 7 ਜਾਂ 8 ਮਜ਼ਮੂਨ ਲੈਂਦੇ ਹਨ।

ਪੜ੍ਹਾਈ ਦੇ ਤਿੰਨ ਲੈਵਲ ਹਨਃ ਕ੍ਰੈਡਿਟ, ਜਨਰਲ ਅਤੇ ਫਾਉਂਡੇਸ਼ਨ। ਵਿਦਿਆਰਥੀ ਆਮ ਤੌਰ 'ਤੇ ਦੋ ਲੈਵਲਾਂ 'ਤੇ ਇਮਤਹਾਨ ਦਿੰਦੇ ਹਨ - ਕ੍ਰੈਡਿਟ ਅਤੇ ਜਨਰਲ ਜਾਂ ਜਨਰਲ ਅਤੇ ਫ਼ਾਉਂਡੇਸ਼ਨ। ਇਸ ਨਾਲ ਇਹ ਪੱਕ ਹੋ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਜਿਥੋਂ ਤਕ ਸੰਭਵ ਹੋ ਸਕੇ, ਵਧ ਤੋਂ ਵਧ ਉੱਚਾ ਗਰੇਡ ਪ੍ਰਾਪਤ ਕਰਨ ਲਈ ਸਭ ਤੋਂ ਚੰਗਾ ਮੌਕਾ ਮਿਲੇ। ਹੇਠਲੀ ਤਾਲਿਕਾ ਵਿੱਚ ਉਹ ਲੈਵਲ ਅਤੇ ਗਰੇਡ ਦਰਸਾਏ ਗਏ ਹਨ, ਜੋ ਪ੍ਰਾਪਤ ਕੀਤੇ ਜਾ ਸਕਦੇ ਹਨ।

| ਲੈਵਲ | ਗਰੇਡ |
|---|---|
| ਕ੍ਰੈਡਿਟ | 1 ਜਾਂ 2 |
| ਜਨਰਲ | 3 ਜਾਂ 4 |
| ਫਾਉਂਡੇਸ਼ਨ | 5 ਜਾਂ 6 |
| ਮੁਕੰਮਲ ਕੀਤਾ ਕੋਰਸ | 7 |

### ਨੈਸ਼ਨਲ ਕੋਰਸ

**ਐਕਸੈਸ 1, 2 ਅਤੇ 3**

ਐਕਸੈਸ 1 ਉਨ੍ਹਾਂ ਵਿਦਿਆਰਥੀਆਂ ਲਈ ਹੈ, ਜਿਨ੍ਹਾਂ ਨੂੰ ਪੜ੍ਹਾਈ ਕਰਨ ਦੌਰਾਨ ਕਾਫ਼ੀ ਸਮਰਥਨ ਦੀ ਜ਼ਰੂਰਤ ਹੁੰਦੀ ਹੈ, ਜਦ ਕਿ ਐਕਸੈਸ 2 ਵਧੇਰੇ ਦਰਮਿਆਨੀ ਕਿਸਮ ਦੀਆਂ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਨੂੰ ਧਿਆਨ ਵਿੱਚ ਰਖਕੇ ਤਿਆਰ ਕੀਤਾ ਗਿਆ ਹੈ। ਐਕਸੈਸ 3, ਸਟੈਂਡਰਡ ਗਰੇਡ ਫ਼ਾਉਂਡੇਸ਼ਨ ਲੈਵਲ ਦੇ ਬਰਾਬਰ ਹੈ।

ਐਕਸੈਸ ਲੈਵਲ 1, 2 ਅਤੇ 3 ਦੀ ਪੜ੍ਹਾਈ ਦਾ ਜਾਇਜ਼ਾ ਸਕੂਲ ਜਾਂ ਕਾਲਜ ਵਲੋਂ ਲਿਆ ਜਾਂਦਾ ਹੈ - ਇਹਦੇ ਲਈ ਕੋਈ ਇਮਤਿਹਾਨ ਨਹੀਂ ਦੇਣਾ ਪੈਂਦਾ।

**ਇੰਟਰਮਿਡੀਏਟ 1 ਅਤੇ 2**

ਇੰਟਰਮਿਡੀਏਟ 1 ਅਤੇ 2 ਉਨ੍ਹਾਂ ਵਿਦਿਆਰਥੀਆਂ ਲਈ ਕੁਆਲੀਫ਼ਿਕੇਸ਼ਨਾਂ ਹਨ, ਜਿਨ੍ਹਾਂ ਨੇ ਸਟੈਂਡਰਡ ਗਰੇਡਜ਼, ਐਕਸੈਸ 3 ਮੁਕੰਮਲ ਕਰ ਲਿਆ ਹੈ, ਜਾਂ ਜੋ ਸਕੂਲ ਜਾਂ ਕਾਲਜ ਵਿੱਚ ਇਕ ਨਵਾਂ ਮਜ਼ਮੂਨ ਲੈਣਾ ਚਾਹੁੰਦੇ ਹਨ। ਕੁਝ ਵਿਦਿਆਰਥੀਆਂ ਲਈ ਇੰਟਰਮਿਡੀਏਟ 2, ਹਾਇਅਰ ਲਈ ਇਕ ਪੌੜੀ ਹੈ, ਕਿਉਂਕਿ ਹਾਇਅਰ ਨੂੰ ਕੇਵਲ ਇਕ ਸਾਲ ਵਿੱਚ ਮੁਕੰਮਲ ਕਰਨਾ ਬੜਾ ਕਠਿਨ ਹੋ ਸਕਦਾ ਹੈ। ਕੁਝ ਸਕੂਲ ਹੁਣ ਇੰਟਰਮਿਡੀਏਟ ਯੂਨਿਟ ਅਤੇ ਕੋਰਸ ਤੀਜੇ ਅਤੇ ਚੌਥੇ ਸਾਲ ਵਿੱਚ ਸਟੈਂਡਰਡ ਗਰੇਡਜ਼ ਦੇ ਵਿਕਲਪ ਵਜੋਂ ਪੇਸ਼ ਕਰ ਰਹੇ ਹਨ।

**ਹਾਇਅਰ**

ਹਾਇਅਰ ਖ਼ਾਸ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਲਈ ਹਨ, ਜਿਨ੍ਹਾਂ ਨੇ ਆਪਣੇ ਮਜ਼ਮੂਨ ਸਟੈਂਡਰਡ ਗਰੇਡ ਕ੍ਰੈਡਿਟ ਲੈਵਲ 'ਤੇ ਪਾਸ ਕੀਤੇ ਹਨ ਜਾਂ ਜਿਨ੍ਹਾਂ ਨੇ ਕੋਈ ਮਜ਼ਮੂਨ ਇੰਟਰਮਿਡੀਏਟ 2 ਵਿੱਚ ਸਫ਼ਲਤਾਪੂਰਬਕ ਪਾਸ ਕਰ ਲਿਆ ਹੈ। ਕਾਲਜ ਵਿੱਚ ਹਾਇਅਰਜ਼ ਦੀ ਪੜ੍ਹਾਈ ਕਰਨ ਦੇ ਚਾਹਵਾਨ ਬਾਲਗ਼ਾਂ ਨੂੰ ਪਿਛਲੀਆਂ ਕੁਆਲੀਫ਼ਿਕੇਸ਼ਨਾਂ ਦੀ ਜ਼ਰੂਰਤ ਨਹੀਂ। ਹਾਇਅਰਜ਼ ਦੀ ਜ਼ਰੂਰਤ ਆਮ ਕਰਕੇ ਡਿਗਰੀ ਅਤੇ ਹਾਇਅਰ ਨੈਸ਼ਨਲ ਸਰਟੀਫ਼ਿਕੇਟ ਜਾਂ ਡਿਪਲੋਮਾ ਕੋਰਸਾਂ (ਐਚ ਐਨ ਸੀ ਅਤੇ ਐਚ ਐਨ ਡੀ) ਦੀ ਪੜ੍ਹਾਈ ਲਈ ਯੂਨੀਵਰਸਿਟੀ ਜਾਂ ਕਾਲਜ ਵਿੱਚ ਦਾਖ਼ਲੇ ਲਈ ਹੁੰਦੀ ਹੈ।

**ਅਡਵਾਂਸਡ ਹਾਇਅਰ**

ਅਡਵਾਂਸਡ ਹਾਇਅਰ ਉਨ੍ਹਾਂ ਵਿਦਿਆਰਥੀਆਂ ਲਈ ਹਨ, ਜੋ ਹਾਇਅਰਜ਼ ਪਾਸ ਕਰ ਚੁਕੇ ਹਨ ਅਤੇ ਇਹ ਆਮ ਕਰਕੇ ਸਕੂਲ ਵਿੱਚ ਛੇਵੇਂ ਸਾਲ ਜਾਂ ਕਾਲਜ ਵਿੱਚ ਲਏ ਜਾਂਦੇ ਹਨ। ਉਹ ਹਾਇਅਰ ਵਿੱਚ ਪ੍ਰਾਪਤ ਕੀਤੇ ਗਿਆਨ ਅਤੇ ਹੁਨਰਾਂ ਵਿੱਚ ਵਾਧਾ ਕਰਦੇ ਹਨ ਅਤੇ ਵਧੀਕ ਕੁਆਲੀਫ਼ਿਕੇਸ਼ਨਾਂ ਹਨ, ਜੋ ਉਚੇਰੀ ਪੜ੍ਹਾਈ ਲਈ ਦਾਖ਼ਲੇ ਜਾਂ ਕਾਰਜ ਸਥਾਨ 'ਤੇ ਫ਼ਾਇਦੇਮੰਦ ਹੁੰਦੀਆਂ ਹਨ।

## ਨੈਸ਼ਨਲ ਯੂਨਿਟ
ਨੈਸ਼ਨਲ ਯੂਨਿਟ ਆਪਣੇ ਆਪ ਵਿੱਚ ਕੁਆਲੀਫ਼ਿਕੇਸ਼ਨਾਂ ਹਨ ਅਤੇ ਇਨ੍ਹਾਂ ਨੂੰ ਪੂਰਾ ਕਰਨ 'ਤੇ ਤਕਰੀਬਨ 40 ਘੰਟੇ ਲਗਦੇ ਹਨ। ਨੈਸ਼ਨਲ ਕੋਰਸਾਂ ਵਿੱਚ ਆਮ ਕਰਕੇ ਤਿੰਨ ਨੈਸ਼ਨਲ ਯੂਨਿਟ ਹੁੰਦੇ ਹਨ।

## ਯੂਨਿਟਾਂ ਅਤੇ ਕੋਰਸਾਂ ਦਾ ਕਿਵੇਂ ਜਾਇਜ਼ਾ ਲਿਆ ਜਾਂਦਾ ਹੈ?
ਯੂਨਿਟ ਜਾਇਜ਼ਿਆਂ ਵਿੱਚ ਟੀਚਰ ਅਤੇ ਲੈਕਚਰਾਰ ਟਾਸਕ ਸੈਟ ਕਰਦੇ ਹਨ ਅਤੇ ਫਿਰ ਇਹਦੇ ਲਈ ਨੰਬਰ ਦਿੰਦੇ ਹਨ। ਵਿਦਿਆਰਥੀਆਂ ਨੂੰ ਪਹਿਲਾਂ ਦਸ ਦਿਤਾ ਜਾਂਦਾ ਹੈ ਕਿ ਜਾਇਜ਼ਾ ਕਦੋਂ ਲਿਆ ਜਾਵੇਗਾ, ਤਾਂ ਜੇ ਉਨ੍ਹਾਂ ਨੂੰ ਦੁਹਰਾਈ ਲਈ ਯਕੀਨੀ ਤੌਰ 'ਤੇ ਕਾਫ਼ੀ ਵਕਤ ਮਿਲ ਜਾਵੇ।

ਇੰਟਰਮਿਡੀਏਟ 1 ਤੋਂ ਅਡਵਾਂਸਡ ਹਾਇਅਰ ਤਕ ਨੈਸ਼ਨਲ ਕੋਰਸਾਂ ਵਿੱਚ ਇਕ ਬਾਹਰੀ ਜਾਇਜ਼ਾ ਸ਼ਾਮਲ ਹੁੰਦਾ ਹੈ। ਇਹ ਇਕ ਇਮਤਿਹਾਨ, ਕੋਰਸ ਦੌਰਾਨ ਮੁਕੰਮਲ ਕੀਤਾ ਗਿਆ ਪ੍ਰਾਜੈਕਟ ਕਾਰਜ ਜਾਂ ਫ਼ੋਲੀਓ ਹੋ ਸਕਦਾ ਹੈ। ਜਿਸ ਲਈ ਨੰਬਰ ਸਕਾਟਿਸ਼ ਕੁਆਲੀਫ਼ਿਕੇਸ਼ਨਜ਼ ਅਥਾਰਿਟੀ (SQA) ਵਲੋਂ ਦਿਤੇ ਜਾਂਦੇ ਹਨ। ਬਾਹਰੀ ਜਾਇਜ਼ੇ ਵਿੱਚ ਕਾਰਕਰਦਗੀ ਦੇ ਆਧਾਰ 'ਤੇ ਕੋਰਸ ਲਈ ਗਰੇਡ ਦਿਤੇ ਜਾਂਦੇ ਹਨ।

## ਗਰੇਡ ਅਤੇ ਕੋਰਸ ਐਵਾਰਡ
ਗਰੇਡ ਵਿਦਿਆਰਥੀ ਨੂੰ ਬਾਹਰੀ ਜਾਇਜ਼ੇ ਵਿੱਚ ਉਸਦੀ ਕਾਰਕਰਦਗੀ ਦੇ ਆਧਾਰ 'ਤੇ ਦਿਤੇ ਜਾਂਦੇ ਹਨ। ਪਰ ਇਕ ਪੂਰੇ ਕੋਰਸ ਦਾ ਐਵਾਰਡ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਵਿਦਿਆਰਥੀ ਸਾਰੇ ਦੇ ਸਾਰੇ ਤਿੰਨ ਨੈਸ਼ਨਲ ਯੂਨਿਟ ਪਾਸ ਕਰੇ ਅਤੇ ਨਾਲ ਬਾਹਰੀ ਜਾਇਜ਼ੇ ਵਿੱਚ ਗਰੇਡ ਹਾਸਲ ਕਰੇ। ਗਰੇਡ A, B ਅਤੇ C, ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਦਿਤੇ ਜਾਂਦੇ ਹਨ ਅਤੇ ਗਰੇਡ D ਉਸ ਵਿਦਿਆਰਥੀ ਨੂੰ ਦਿਤਾ ਜਾਂਦਾ ਹੈ, ਜੋ ਗਰੇਡ C ਪ੍ਰਾਪਤ ਨਹੀਂ ਕਰ ਸਕਦਾ।

## ਕੋਰ ਸਕਿਲਜ਼ (ਬੁਨਿਆਦੀ ਹੁਨਰ)
ਕੋਰ ਸਕਿਲਜ਼ ਉਹ ਬੁਨਿਆਦੀ ਹੁਨਰ ਹਨ, ਜੋ ਪੜ੍ਹਾਈ, ਟਰੇਨਿੰਗ, ਕੰਮ ਅਤੇ ਜੀਵਨ ਵਿੱਚ ਵਿਅਕਤੀ ਦੇ ਕੰਮ ਆਉਂਦੇ ਹਨ। ਉਹ ਨੈਸ਼ਨਲ ਯੂਨਿਟਾਂ ਅਤੇ ਨੈਸ਼ਨਲ ਕੋਰਸਾਂ ਵਿੱਚ ਸ਼ਾਮਲ ਹੁੰਦੇ ਹਨ, ਇਸਲਈ ਵਿਦਿਆਰਥੀਆਂ ਵਾਸਤੇ ਵਧੀਕ ਜਾਇਜ਼ੇ ਜ਼ਰੂਰੀ ਨਹੀਂ ਹਨ। ਪਰ ਕੋਰ ਸਕਿਲਜ਼ ਦੀ ਆਪਣੇ ਆਪ ਵਿੱਚ ਯੂਨਿਟਾਂ ਵਜੋਂ ਪੜ੍ਹਾਈ ਕੀਤੀ ਜਾ ਸਕਦੀ ਹੈ। ਕੋਰ ਸਕਿਲਜ਼ ਦਾ ਵਿਕਾਸ ਹਮੇਸ਼ਾ ਹੀ ਸਕੂਲ ਅਤੇ ਕਾਲਜ ਦੀ ਪੜ੍ਹਾਈ ਦਾ ਹਿੱਸਾ ਰਿਹਾ ਹੈ, ਅਤੇ ਨੈਸ਼ਨਲ ਕੁਆਲੀਫ਼ਿਕੇਸ਼ਨਜ਼ ਸਿਸਟਮ ਇਸ ਨੂੰ ਉਤਸ਼ਾਹ ਦਿੰਦਾ ਹੈ। ਇਸ ਵੇਲੇ ਸਰਟੀਫ਼ਿਕੇਟਾਂ ਵਾਲੇ 5 ਕੋਰ ਸਕਿਲਜ਼ ਹਨ:

- ਸਵਾਲ ਨੂੰ ਹਲ ਕਰਨਾ
- ਸੰਚਾਰ
- ਨਿਊਮਰੇਸੀ
- ਸੂਚਨਾ ਤਕਨਾਲੋਜੀ
  (ਜਿਸ ਨੂੰ ਅਕਸਰ ਆਈ ਸੀ ਟੀ – ਸੂਚਨਾ ਅਤੇ ਸੰਚਾਰ ਤਕਨਾਲੋਜੀ) ਕਿਹਾ ਜਾਂਦਾ ਹੈ
- ਹੋਰਨਾਂ ਨਾਲ ਮਿਲਕੇ ਕੰਮ ਕਰਨਾ

## ਨੈਸ਼ਨਲ ਕੁਆਲੀਫ਼ਿਕੇਸ਼ਨਾਂ (NQ) ਸਕਾਟਲੈਂਡ ਦੀਆਂ ਹੋਰ ਕੁਆਲੀਫ਼ਿਕੇਸ਼ਨਾਂ ਨਾਲ ਕਿਵੇਂ ਸੰਬੰਧਤ ਹਨ?
ਸਕਾਟਿਸ਼ ਕ੍ਰੈਡਿਟ ਅਤੇ ਕੁਆਲੀਫ਼ਿਕੇਸ਼ਨਜ਼ ਫ਼ਰੇਮਵਰਕ (SCQF) ਤਿਆਰ ਕੀਤਾ ਗਿਆ ਹੈ, ਤਾਂ ਜੇ ਵਿਦਿਆਰਥੀ, ਰੋਜ਼ਗਾਰਦਾਤਾ ਅਤੇ ਆਮ ਲੋਕ ਸਕਾਟਿਸ਼ ਕੁਆਲੀਫ਼ਿਕੇਸ਼ਨਾਂ ਦੀ ਪੂਰੀ ਰੇਂਜ ਨੂੰ ਸਮਝ ਸਕਣ। SCQF ਹੇਠਾਂ ਦਿਤਾ ਗਿਆ ਹੈ:

## ਸਕਾਟਿਸ਼ ਕ੍ਰੈਡਿਟ ਅਤੇ ਕੁਆਲੀਫ਼ਿਕੇਸ਼ਨਾਂ ਦਾ ਢਾਂਚਾ

| SCQF ਲੈਵਲ | ਸਕੂਲ | ਸਕੂਲ ਅਤੇ ਕਾਲਜ | ਕਾਲਜ ਅਤੇ ਯੂਨੀਵਰਸਿਟੀਆਂ | ਕਾਰਜ ਸਥਾਨ (ਸਕਾਟਿਸ਼ ਵੋਕੇਸ਼ਨਲ ਕੁਆਲੀਫ਼ਿਕੇਸ਼ਨਜ਼) |
|---|---|---|---|---|
| 12 | | | ਡਾਕਟੋਰੇਟ | |
| 11 | | | ਮਾਸਟਰਜ਼ ਡਿਗਰੀ | SVQ 5 |
| 10 | | | ਆਨਰਜ਼ ਡਿਗਰੀ | |
| 9 | | | ਆਰਡਨਰੀ ਡਿਗਰੀ | |
| 8 | | | HND/ਉਚੇਰੀ ਪੜ੍ਹਾਈ ਦਾ ਡਿਪਲੋਮਾ | SVQ 4 |
| 7 | | ਅਡਵਾਂਸਡ ਹਾਇਅਰ | HNC/ਉਚੇਰੀ ਪੜ੍ਹਾਈ ਦਾ ਸਰਟੀਫ਼ਿਕੇਟ | |
| 6 | | ਹਾਇਅਰ | | SVQ 3 |
| 5 | ਸਟੈਂਡਰਡ ਗਰੇਡ – ਕ੍ਰੈਡਿਟ | ਇੰਟਰਮਿਡੀਏਟ 2 | | SVQ 2 |
| 4 | ਸਟੈਂਡਰਡ ਗਰੇਡ – ਜਨਰਲ | ਇੰਟਰਮਿਡੀਏਟ 1 | | SVQ 1 |
| 3 | ਸਟੈਂਡਰਡ ਗਰੇਡ – ਫ਼ਾਉਂਡੇਸ਼ਨ | ਐਕਸੈਸੱ 3 | | |
| 2 | | ਐਕਸੈਸੱ 2 | | |
| 1 | | ਐਕਸੈਸੱ 1 | | |

## ਨੈਸ਼ਨਲ ਕੁਆਲੀਫ਼ਿਕੇਸ਼ਨਾਂ ਬਾਰੇ ਅਕਸਰ ਪੁਛੇ ਜਾਂਦੇ ਸਵਾਲ

**1. ਕੀ ਯੂਨਿਟ ਜਾਇਜ਼ੇ ਮਹਤੱਵਪੂਰਨ ਹਨ ਜਾਂ ਵਿਦਿਆਰਥੀ ਨੂੰ ਸਿਰਫ਼ ਇਮਤਿਹਾਨਾਂ 'ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ?**
ਵਿਦਿਆਰਥੀਆਂ ਲਈ ਕੋਰਸ ਪੂਰਾ ਕਰਨ ਵਾਸਤੇ ਸਾਰੇ ਯੂਨਿਟ ਜਾਇਜ਼ੇ ਅਤੇ ਨਾਲੇ ਇਮਤਿਹਾਨ ਪਾਸ ਕਰਨਾ ਜ਼ਰੂਰੀ ਹੈ।

**2. ਜੇ ਵਿਦਿਆਰਥੀ ਇਕ ਯੂਨਿਟ ਜਾਇਜ਼ੇ ਵਿੱਚ ਫ਼ੇਲ੍ਹ ਹੋ ਜਾਂਦਾ ਹੈ, ਤਾਂ ਕੀ ਇਸਦਾ ਮਤਲਬ ਹੈ ਕਿ ਉਹ ਇਮਤਿਹਾਨ ਵਿੱਚ ਨਹੀਂ ਬੈਠ ਸਕਦਾ ਜਾਂ ਉਸਨੂੰ ਕੋਰਸ ਦੀ ਕਾਮਯਾਬੀ ਨਹੀਂ ਮਿਲ ਸਕਦੀ?**
ਵਿਦਿਆਰਥੀ ਨੂੰ ਯੂਨਿਟ ਜਾਇਜ਼ੇ ਵਾਸਤੇ ਦੁਬਾਰਾ ਬੈਠਣ ਲਈ ਸੈਸ਼ਨ ਵਿੱਚ ਇਕ ਹੋਰ ਮੌਕਾ ਮਿਲਦਾ ਹੈ। ਉਹ ਫਿਰ ਵੀ ਇਮਤਿਹਾਨ ਵਿੱਚ ਬੈਠ ਸਕਦਾ ਹੈ, ਪਰ ਉਸਦਾ ਕੋਰਸ ਉਦੋਂ ਤਕ ਪੂਰਾ ਨਹੀਂ ਹੋਵੇਗਾ, ਜਦ ਤਕ ਉਹ ਸਾਰੇ ਯੂਨਿਟ ਜਾਇਜ਼ੇ ਅਤੇ ਇਮਤਿਹਾਨ ਪਾਸ ਨਹੀਂ ਕਰਦਾ।

**3. ਜੇ ਵਿਦਿਆਰਥੀ ਸਾਰੇ ਯੂਨਿਟ ਜਾਇਜ਼ੇ ਪਾਸ ਕਰ ਲੈਂਦਾ ਹੈ ਪਰ ਇਮਤਿਹਾਨ ਵਿੱਚ ਫ਼ੇਲ ਹੋ ਜਾਂਦਾ ਹੈ, ਤਾਂ ਕੀ ਹੁੰਦਾ ਹੈ?**
ਉਸਨੂੰ ਇਕ ਸਕਾਟਿਸ਼ ਕੁਆਲੀਫ਼ਿਕੇਸ਼ਨਜ਼ ਸਰਟੀਫ਼ਿਕੇਟ (SQC) ਮਿਲੇਗਾ, ਜਿਸ ਵਿੱਚ ਉਸ ਵਲੋਂ ਪਾਸ ਕੀਤੇ ਗਏ ਯੂਨਿਟ ਦਰਜ ਹੋਣਗੇ। ਫਿਰ ਵਿਦਿਆਰਥੀ ਮਗਰੋਂ ਕਿਸੇ ਸਾਲ ਵਿੱਚ ਦੁਬਾਰਾ ਕੋਰਸ ਇਮਤਿਹਾਨ ਦੇ ਸਕਦਾ ਹੈ ਅਤੇ ਉਸਨੂੰ ਯੂਨਿਟ ਜਾਇਜ਼ੇ ਮੁੜ ਲਏ ਜਾਣ ਦੀ ਜ਼ਰੂਰਤ ਨਹੀਂ। ਕੁਝ ਹਾਲਤਾਂ ਵਿੱਚ ਸਕੂਲ ਜਾਂ ਕਾਲਜ ਅਪੀਲ ਕਰਨ ਦਾ ਫ਼ੈਸਲਾ ਕਰ ਸਕਦਾ ਹੈ - ਦੇਖੋ ਸਵਾਲ 6 ।

**4. ਜੇ ਵਿਦਿਆਰਥੀ ਇਕ ਲੈਵਲ 'ਤੇ ਸ਼ੁਰੂ ਕਰਦਾ ਹੈ, ਪਰ ਉਸਨੂੰ ਇਹਦੇ ਲਈ ਸੰਘਰਸ਼ ਕਰਨਾ ਪੈਂਦਾ ਹੈ, ਜਾਂ ਉਸਨੂੰ ਇਹ ਬਹੁਤ ਹੀ ਆਸਾਨ ਲਗਦਾ ਹੈ, ਤਾਂ ਕੀ ਉਹ ਕਿਸੇ ਹੋਰ ਲੈਵਲ 'ਤੇ ਜਾ ਸਕਦਾ ਹੈ?**
ਇਸ ਬਾਰੇ ਸੰਬੰਧਤ ਮਜ਼ਮੂਨ ਦੇ ਟੀਚਰ ਜਾਂ ਲੈਕਚਰਾਰ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਇਹ, ਮਜ਼ਮੂਨ 'ਤੇ ਅਤੇ ਸੈਸ਼ਨ ਵਿੱਚ ਇਸਦੀ ਕਿੰਨੀ ਪੜ੍ਹਾਈ ਹੋ ਚੁਕੀ ਹੈ, ਉਸ 'ਤੇ ਨਿਰਭਰ ਹੈ। ਉਪਰਲੇ ਲੈਵਲ 'ਤੇ ਜਾਣਾ ਮੁਸ਼ਕਿਲ ਹੋ ਸਕਦਾ ਹੈ, ਕਿਉਂਕਿ ਵਿਦਿਆਰਥੀ ਨੂੰ ਹੋ ਚੁਕੀ ਪੜ੍ਹਾਈ ਪੂਰੀ ਕਰਨੀ ਕਠਿਨ ਲਗ ਸਕਦੀ ਹੈ।

**5. NAB ਕੀ ਹੈ?**
ਇਹ ਸ਼ਬਦ ਅਧਿਆਪਕ/ਵਿਦਿਆਰਥੀ ਅਕਸਰ ਉਨ੍ਹਾਂ ਯੂਨਿਟ ਜਾਇਜ਼ਿਆਂ ਲਈ ਵਰਤਦੇ ਹਨ, ਜੋ ਨੈਸ਼ਨਲ ਅਸੈਸਮੈਂਟ ਬੈਂਕ ਤੋਂ ਲਏ ਜਾਂਦੇ ਹਨ।

**6. ਜੇ ਵਿਦਿਆਰਥੀ ਜਾਂ ਮਾਤਾ-ਪਿਤਾ ਇਮਤਿਹਾਨ ਦੇ ਨਤੀਜੇ ਨਾਲ ਸਹਿਮਤ ਨਾਂਹ ਹੋਣ, ਤਾਂ ਕੀ ਉਹ ਅਪੀਲ ਕਰ ਸਕਦੇ ਹਨ?**
ਨਹੀਂ। ਸਿਰਫ਼ ਸਕੂਲ ਜਾਂ ਕਾਲਜ ਸਕਾਟਿਸ਼ ਕੁਆਲੀਫ਼ਿਕੇਸ਼ਨਜ਼ ਅਥਾਰਿਟੀ (SQA) ਨੂੰ ਅਪੀਲ ਕਰ ਸਕਦਾ ਹੈ, ਅਤੇ ਉਹ ਆਮ ਕਰਕੇ ਤਾਂ ਹੀ ਅਪੀਲ ਕਰੇਗਾ, ਜੇਕਰ ਇਮਤਿਹਾਨ ਵਿੱਚ ਵਿਦਿਆਰਥੀ ਦੀ ਕਾਰਕਰਦਗੀ ਬਾਰੇ ਉਸਦੇ ਅਨੁਮਾਨ ਅਤੇ ਅਸਲ ਨਤੀਜੇ ਵਿਚਕਾਰ ਬਹੁਤ ਫ਼ਰਕ ਹੋਵੇ। ਇਹ ਅਨੁਮਾਨ ਪੂਰੇ ਕੋਰਸ ਦੌਰਾਨ ਵਿਦਿਆਰਥੀ ਦੀ ਕਾਰਕਰਦਗੀ ਦੇ ਸਬੂਤ 'ਤੇ ਨਿਰਭਰ ਹੁੰਦਾ ਹੈ।

## ਮੈਨੂੰ ਹੋਰ ਸੂਚਨਾ ਕਿਥੋਂ ਮਿਲ ਸਕਦੀ ਹੈ?

ਇਸ ਗਾਈਡ ਦਾ ਇਕ ਵਧੇਰੇ ਵੇਰਵੇ ਸਹਿਤ ਰੂਪ ਸਾਮ੍ਹਣੇ ਪਾਸੇ ਦਿਤੀਆਂ ਗਈਆਂ ਵੈਬੱਸਾਈਟਾਂ ਵਿਚੋਂ ਕਿਸੇ 'ਤੇ ਵੀ ਔਨਲਾਈਨ ਉਪਲਬਧ ਹੈ। ਤੁਹਾਡਾ ਸਥਾਨਕ ਸਕੂਲ ਜਾਂ ਕਾਲਜ ਨੈਸ਼ਨਲ ਕੁਆਲੀਫ਼ਿਕੇਸ਼ਨਾਂ ਬਾਰੇ ਵਧੇਰੇ ਜਾਣਕਾਰੀ ਮੁਹੱਈਆ ਕਰ ਸਕਦਾ ਹੈ, ਅਤੇ ਨਾਲ ਵਾਲੇ ਪਾਸੇ ਜਿਨ੍ਹਾਂ ਸੰਗਠਨਾਂ ਦੇ ਨਾਂਅ ਦਿਤੇ ਗਏ ਹਨ, ਉਹ ਵੀ ਸਲਾਹ, ਕਿਤਾਬਚੇ ਅਤੇ ਤਥਾਂ ਬਾਰੇ ਸ਼ੀਟਾਂ ਦੇ ਸਕਦੇ ਹਨ।

### ਹੋਰ ਕਾਪੀਆਂ

ਇਸ ਗਾਈਡ ਦੀਆਂ ਹੋਰ ਕਾਪੀਆਂ ਲਈ 0845 279 1000 'ਤੇ ਫ਼ੋਨ ਕਰੋ ਅਤੇ ਦਸੋ ਹਵਾਲਾ ਨੰਬਰ BD2072 । ਇਹ ਗਾਈਡ ਕਮਿਊਨਿਟੀ ਭਾਸ਼ਾਵਾਂ ਅਤੇ ਹੋਰ ਵਿਕਅਪਕ ਰੂਪਾਂ ਵਿੱਚ ਵੀ ਉਪਲਬਧ ਕਰਾਈ ਜਾ ਸਕਦੀ ਹੈ।

ਇਸ ਗਾਈਡ ਦੇ ਵਧੇਰੇ ਵੇਰਵੇ ਸਹਿਤ ਰੂਪ ਲਈ, ਦਸੋ ਹਵਾਲਾ ਨੰਬਰ BD2088 ।

**ਸਕਾਟਿਸ਼ ਕੁਆਲੀਫ਼ਿਕੇਸ਼ਨਜ਼ ਅਥਾਰਿਟੀ**
ਫ਼ੋਨ: ਕਸਟਮਰ ਸੰਪਰਕ ਸੈਂਟਰ 0845 279 1000 'ਤੇ
ਈ-ਮੇਲ: customer@sqa.org.uk
ਵੈਬੱ: www.sqa.org.uk

**ਲਰਨਿੰਗ ਐਂਡ ਟੀਚਿੰਗ ਸਕਾਟਲੈਂਡ**
ਫ਼ੋਨ: ਕਸਟਮਰ ਪੁਛਗਿਛ ਸੈਂਟਰ 08700 100297 'ਤੇ
ਈ-ਮੇਲ: enquiries@LTScotland.org.uk
ਵੈਬੱ: www.LTScotland.org.uk/NQ

**ਸਕਾਟਿਸ਼ ਫ਼ਰਦਰ ਵਿਦਿਆ ਯੂਨਿਟ**
ਫ਼ੋਨ: 01786 892000
ਈ-ਮੇਲ: sfeu@sfeu.ac.uk
ਵੈਬੱ: www.sfeu.ac.uk

**ਸਕਾਟਿਸ਼ ਐਗਜ਼ੈਕਟਿਵ ਵਿਦਿਆ ਵਿਭਾਗ**
ਫ਼ੋਨ: 0131-556 8400 ਜਾਂ 0845 774 1741
ਈ-ਮੇਲ: ceu@scotland.gov.uk
ਵੈਬੱ: www.scotland.gov.uk

BD2072 ਮਾਰਚ 2004 (Punjabi)

ਇਸ ਦਸਤਾਵੇਜ਼ ਨੂੰ ਮੂਲ ਦਾ ਸਹੀ ਰੂਪ ਮੰਨਿਆ ਜਾਂਦਾ ਹੈ।